## ਡੀ. ਓ. ਟੀ. ਦੀ ਸਹਾਇਤਾ ਦੇ ਨਾਲ ਆਪਣੀਆਂ ਦਵਾਈਆਂ ਹਰ ਰੋਜ ਲਵੋ

## ਡੀ. ਓ. ਟੀ. ਮੁਫਤ ਹੈ

## ਟੀਬੀ ਨੂੰ ਰੋਕਣਾ ਅਤੇ ਰੋਗਮੁਕਤ ਹੋਣਾ ਸੰਭਵ ਹੈ

ਜੇਕਰ ਤੁਹਾਡੇ ਕੋਈ ਪ੍ਰਸ਼ਨ ਹੋਣ ਤਾਂ ਕ੍ਰਿਪਾ ਕਰਕੇ ਨਰਸ ਜਾਂ ਡੀ. ਓ. ਟੀ. ਕਰਮਚਾਰੀ ਨਾਲ ਸੰਪਰਕ ਕਰੋ।

---


ਉੱਤਰੀ ਖੇਤਰ.......................................... 416-338-8380
ਦੱਖਣੀ ਖੇਤਰ.......................................... 416-392-7457
ਪੂਰਬੀ ਖੇਤਰ.......................................... 416-338-7492
ਪੱਛਮੀ ਖੇਤਰ.......................................... 416-338-1521

targettb@toronto.ca

416.338.7600
toronto.ca/health
Toronto Public Health



PH0506GB073 (Punjabi) November 2011


# ਟੀਬੀ ਤੋਂ ਰੋਗਮੁਕਤ ਹੋਵੋ

# ਡਾਇਰੈਕਟਲੀ ਅਬਜ਼ਰਵਡ ਥਰੈਪੀ ਦੁਆਰਾ

**Curing Tuberculosis with Directly Observed Therapy (DOT)**
**Punjabi**




416.338.7600
toronto.ca/health
Toronto Public Health

# ਡੀ. ਓ. ਟੀ. ਕੀ ਹੈ?

- ਡੀ. ਓ. ਟੀ. ਦਾ ਮਤਲਬ ਹੈ, ਡਾਇਰੈਕਟਲੀ ਅਬਜ਼ਰਵਡ ਥੀਰੈਪੀ (ਸਿੱਧੀ ਪੜਚੋਲ ਵਾਲਾ ਇਲਾਜ)।
- ਇਹ ਤਪਦਿਕ ਰੋਗ (ਟੀਬੀ) ਤੋਂ ਰੋਗਮੁਕਤ ਹੋਣ ਵਿੱਚ ਸਹਾਇਤਾ ਕਰਨ ਵਾਲੀ ਇੱਕ ਯੋਜਨਾ ਹੈ।
- ਤੁਸੀਂ ਟੀਬੀ ਦੀਆਂ ਦਵਾਈਆਂ 6 ਮਹੀਨੇ ਜਾਂ ਉਸਤੋਂ ਜਿਆਦਾ ਸਮੇਂ ਤੱਕ ਲੈਂਦੇ ਰਹੋਗੇ।
- ਡੀ. ਓ. ਟੀ. ਕਰਮਚਾਰੀ ਤੁਹਾਨੂੰ ਮਿਲੇਗਾ, ਤੁਹਾਨੂੰ ਟੀਬੀ ਦੀਆਂ ਦਵਾਈਆਂ ਵਿੱਚ ਸਹਾਇਤਾ ਕਰਨ ਦੇ ਲਈ।
- **ਡੀ. ਓ. ਟੀ. ਮੁਫਤ ਹੈ।**

# ਡੀ. ਓ. ਟੀ. ਯੋਜਨਾ ਕਿਸ ਪ੍ਰਕਾਰ ਕੰਮ ਕਰਦੀ ਹੈ?

ਡੀ. ਓ. ਟੀ. ਕਰਮਚਾਰੀ:

- ਤੁਹਾਨੂੰ ਘਰ ਜਾਂ ਕਿਸੇ ਹੋਰ ਜਗ੍ਹਾ ਮਿਲੇਗਾ।
- ਤੁਹਾਨੂੰ ਹਫਤੇ ਵਿੱਚ ਲਗਭਗ ਪੰਜ ਵਾਰੀ ਮਿਲੇਗਾ ਜਦੋਂ ਤੱਕ ਤੁਸੀਂ ਆਪਣਾ ਇਲਾਜ ਖਤਮ ਨਹੀਂ ਕਰ ਲੈਂਦੇ।




# ਤੁਹਾਡਾ ਡੀ. ਓ. ਟੀ. ਕਰਮਚਾਰੀ ਤੁਹਾਡੀ ਸਹਾਇਤਾ ਕਿਵੇਂ ਕਰ ਸਕਦਾ ਹੈ?

ਜਦੋਂ ਤੁਸੀਂ ਟੀਬੀ ਦੀਆਂ ਦਵਾਈਆਂ ਲੈ ਰਹੇ ਹੋਵੋਗੇ, ਤੁਹਾਡਾ ਡੀ. ਓ. ਟੀ. ਕਰਮਚਾਰੀ:

- ਦਵਾਈਆਂ ਦੇ ਨਕਾਰਾਤਮਕ ਅਸਰ ਤੇ ਗੌਰ ਕਰੇਗਾ।
- ਤੁਹਾਡੀ ਸਹੀ ਦਵਾਈਆਂ ਲੈਣ ਵਿੱਚ ਸਹਾਇਤਾ ਕਰੇਗਾ।
- ਤੁਹਾਡਾ ਇਲਾਜ ਖਤਮ ਹੋਣ ਤੱਕ ਤੁਹਾਨੂੰ ਸਹਾਰਾ ਦੇਣ ਵਿੱਚ ਸਹਾਇਤਾ ਕਰੇਗਾ।
- ਤੁਹਾਨੂੰ ਤੁਹਾਡੇ ਟੀਬੀ ਡਾਕਟਰ ਨਾਲ ਵਾਰਤਾ ਵਿੱਚ ਸਹਾਇਤਾ ਕਰੇਗਾ।
- ਤੁਹਾਡੀ ਹੋਰ ਮਾਮਲਿਆਂ ਵਿੱਚ ਸਹਾਇਤਾ ਕਰੇਗਾ।

# ਆਪਣੀਆਂ ਟੀਬੀ ਦੀਆਂ ਦਵਾਈਆਂ ਹਰ ਰੋਜ ਲੈਣਾ ਕਿਉਂ ਜਰੂਰੀ ਹੈ?

- ਆਪਣੀਆਂ ਦਵਾਈਆਂ ਹਰ ਰੋਜ ਲੈ ਕੇ ਤੁਸੀਂ ਰੋਗਮੁਕਤ ਹੋ ਸਕਦੇ ਹੋ।
- ਜੇਕਰ ਤੁਸੀਂ ਦਵਾਈਆਂ ਹਰ ਰੋਜ ਨਹੀਂ ਲਵੋਗੇ ਤਾਂ ਟੀਬੀ ਦੇ ਰੋਗਾਣੂੰ ਫਿਰ ਤੋਂ ਜਨਮ ਸਕਦੇ ਹਨ ਅਤੇ ਫਿਰ ਉਹਨਾਂ ਤੋਂ ਮੁਕਤੀ ਪਾਉਣਾ ਬਹੁਤ ਔਖਾ ਹੋਵੇਗਾ।
- ਜੇਕਰ ਤੁਹਾਨੂੰ ਆਪਣੀ ਤਬੀਅਤ ਚੰਗੀ ਲਗਦੀ ਹੈ, ਤਾਂ ਵੀ ਦਵਾਈਆਂ ਹਰ ਰੋਜ ਲੈਣਾ ਬਹੁਤ ਜਰੂਰੀ ਹੈ, ਕਿਉਂਕੀ ਟੀਬੀ ਦੇ ਰੋਗਾਣੂੰਆਂ ਨੂੰ ਮਾਰਨ ਵਿੱਚ ਲੰਬਾ ਸਮਾਂ ਲਗਦਾ ਹੈ।